# PC–3159/MK

**P–2/2050**

GURMAT KAV (ELECTIVE)–III Opt. (i)

(Semester–IV)

(Regular, Private & Distance Education)

Time : Two Hours] [ Maximum Marks : Regular : 60 Private : 80

**ਨੋਟ :** ਕੋਈ ਚਾਰ ਪ੍ਰਸ਼ਨ ਕਰੋ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

I. ਗੁਰਮਤਿ ਕਾਵਿ ਸਿਧਾਂਤ (ਭਾਗ ਦੂਜਾ) ਸੰਪਾਦਿਤ ਪੁਸਤਕ ਦੇ ਅਧਿਐਨ ਆਧਾਰ 'ਤੇ ਗੁਰਮਤਿ ਕਾਵਿ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਵਿਚਾਰੋ।

II. ਗੁਰਮਤਿ ਕਾਵਿ ਸਿਧਾਂਤ (ਭਾਗ ਦੂਜਾ) ਸੰਪਾਦਿਤ ਪੁਸਤਕ ਵਿੱਚ ਪ੍ਰਾਪਤ ਲੇਖਾਂ ਦਾ ਸਮੀਖਿਆਤਮਕ ਅਧਿਐਨ ਪੇਸ਼ ਕਰੋ।

III. ਭਗਤ ਕਬੀਰ ਦੇ ਸ਼ਬਦਾਂ ਵਿੱਚ ਪ੍ਰਾਪਤ ਪ੍ਰਮੁੱਖ ਸਮਾਜਕ ਸਰੋਕਾਰਾਂ ਨੂੰ ਮਿਸਾਲਾਂ ਦੇ ਕੇ ਵਿਚਾਰੋ।

IV. ਭਗਤ ਕਬੀਰ ਦੇ ਸ਼ਬਦਾਂ ਦੀਆਂ ਕਲਾਤਮਕ ਵਿਸ਼ੇਸ਼ਤਾਵਾਂ ਨੂੰ ਮਿਸਾਲਾਂ ਦੇ ਕੇ ਸਪਸ਼ਟ ਕਰੋ।

V. ਗੁਰੂ ਰਾਮ ਦਾਸ ਜੀ ਦੀ ਰਚਨਾ 'ਗਊੜੀ ਦੀ ਵਾਰ' ਦਾ ਸਮੀਖਿਆਤਮਕ ਅਧਿਐਨ ਪੇਸ਼ ਕਰੋ।

VI. ਗੁਰੂ ਰਾਮ ਦਾਸ ਜੀ ਦੀ ਰਚਨਾ 'ਗਊੜੀ ਦੀ ਵਾਰ' ਵਿੱਚ ਪੇਸ਼ ਪ੍ਰਮੁੱਖ ਸਰੋਕਾਰਾਂ ਨੂੰ ਮਿਸਾਲਾਂ ਦੇ ਕੇ ਸਪਸ਼ਟ ਕਰੋ।

VII. ਗੁਰੂ ਅਰਜਨ ਦੇਵ ਜੀ ਦੀ ਰਚਨਾ 'ਸੁਖਮਨੀ ਸਾਹਿਬ' ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰੋ।

VIII. ਗੁਰੂ ਅਰਜਨ ਦੇਵ ਜੀ ਦੀ ਰਚਨਾ 'ਸੁਖਮਨੀ ਸਾਹਿਬ' ਦੀਆਂ ਕਲਾਤਮਕ ਜੁਗਤਾਂ ਨੂੰ ਮਿਸਾਲਾਂ ਦੇ ਕੇ ਵਿਚਾਰੋ।

IX. ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿੱਚ ਪੇਸ਼ ਵੈਰਾਗ ਦੇ ਸੰਕਲਪ ਦੇ ਵਿਭਿੰਨ ਆਧਾਰਾਂ ਨੂੰ ਮਿਸਾਲਾਂ ਦੇ ਕੇ ਸਪਸ਼ਟ ਕਰੋ।

X. ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਬਣਦਾ ਸਥਾਨ ਮਿਸਾਲਾਂ ਦੇ ਕੇ ਸਪਸ਼ਟ ਕਰੋ।

XI. ਇਸ ਭਾਗ ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ' ਹਰ ਪ੍ਰਸ਼ਨ ਦਾ ਉੱਤਰ 5-6 ਸਤਰਾਂ ਵਿੱਚ ਦਿਓ :

(i) ਭਗਤ ਕਬੀਰ ਦੇ ਜਨਮ ਸੰਬੰਧੀ ਪ੍ਰਾਪਤ ਵਿਵਾਦ ਨੂੰ ਸੰਖੇਪ ਵਿੱਚ ਵਿਚਾਰੋ।

(ii) ਭਗਤ ਕਬੀਰ ਦੀ ਬਾਣੀ ਦੀ ਭਾਸ਼ਾ ਦੀ ਮਹੱਤਤਾ ਬਾਰੇ ਸੰਖੇਪ ਵਿੱਚ ਵਿਚਾਰ ਪੇਸ਼ ਕਰੋ।

(iii) ਭਗਤ ਕਬੀਰ ਦੇ ਰਾਗ ਪ੍ਰਭਾਤੀ ਵਿਚ ਪ੍ਰਾਪਤ ਸ਼ਬਦਾਂ ਦੀ ਵਿਲੱਖਣਤਾਵਾਂ ਨੂੰ ਸੰਖੇਪ ਵਿੱਚ ਵਿਚਾਰੋ।

(iv) ਸ੍ਰੀ ਗੁਰੂ ਰਾਮ ਦਾਸ ਜੀ ਦੀ 'ਗਉੜੀ ਦੀ ਵਾਰ' ਰਚਨਾ ਤੋਂ ਇਲਾਵਾ ਹੋਰ ਕਿੰਨੀਆਂ ਬਾਣੀਆਂ ਹਨ? ਪ੍ਰਮੁੱਖ ਬਾਣੀਆਂ ਦੇ ਨਾਂ ਲਿਖੋ।

(v) ਸ੍ਰੀ ਗੁਰੂ ਰਾਮ ਦਾਸ ਜੀ ਦੀ 'ਗਉੜੀ ਦੀ ਵਾਰ' ਰਚਨਾ ਦੀ ਸਮਾਪਤੀ ਕਿਸ ਸਤਰ ਨਾਲ ਹੁੰਦੀ ਹੈ? ਸਤਰ ਦੇ ਭਾਵ ਨੂੰ ਵੀ ਲਿਖੋ।

(vi) ਸ੍ਰੀ ਗੁਰੂ ਰਾਮ ਦਾਸ ਜੀ ਦੀ 'ਗਉੜੀ ਦੀ ਵਾਰ' ਰਚਨਾ ਵਿੱਚ ਕੁਲ ਕਿੰਨੀਆਂ ਪਉੜੀਆਂ ਹਨ? ਆਖਰੀ ਪਉੜੀ ਦੇ ਆਰੰਭ ਬੋਲ ਲਿਖੋ।

(vii) 'ਸੁਖਮਨੀ ਸਾਹਿਬ' ਰਚਨਾ ਦੇ ਸਿਰਲੇਖ ਦੇ ਮਹੱਤਵ ਨੂੰ ਮਿਸਾਲ ਦੇ ਕੇ ਸੰਖੇਪ ਵਿੱਚ ਸਪਸ਼ਟ ਕਰੋ।

(viii) 'ਸੁਖਮਨੀ ਸਾਹਿਬ' ਰਚਨਾ ਦੀ ਭਾਸ਼ਾਗਤ ਵਿਸ਼ੇਸ਼ਤਾ ਦੇ ਕਿਸੇ ਇਕ ਗੁਣ ਨੂੰ ਮਿਸਾਲ ਦੇ ਕੇ ਸੰਖੇਪ ਵਿਚ ਵਿਚਾਰੋ।

(ix) 'ਸੁਖਮਨੀ ਸਾਹਿਬ' ਰਚਨਾ ਵਿੱਚ ਅਖੀਰਲਾ ਸਲੋਕ ਕਿਹੜਾ ਹੈ? ਇਸ ਸਲੋਕ ਦੇ ਭਾਵ ਨੂੰ ਸਪਸ਼ਟ ਕਰੋ।

(x) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਕੁੱਲ ਕਿੰਨੇ ਸਲੋਕ ਮਿਲਦੇ ਹਨ? ਆਖਰੀ ਸਲੋਕ ਨੂੰ ਲਿਖੋ।

(xi) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਨੂੰ ਸ਼ਾਮਿਲ ਕਰਨ ਦਾ ਸਮਾਂ ਦੱਸੋ ਅਤੇ ਕਿਸ ਦੇ ਕਹਿਣ 'ਤੇ ਇਹ ਕਾਰਜ ਹੋਇਆ?

(xii) ਗੁਰੂ ਤੇਗ ਬਹਾਦਰ ਜੀ ਦੀ ਰਚਨਾ ਦੀ ਕਿਸੇ ਇਕ ਭਾਸ਼ਾਈ ਵਿਸ਼ੇਸ਼ਤਾ ਨੂੰ ਸੰਖੇਪ ਵਿੱਚ ਵਿਚਾਰੋ।